# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ ssapunjab@yahoo.com

**ਹੁਕਮ**

ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90042 ਮਿਤੀ 6.12.12

ਸ਼੍ਰੀਮਤੀ ਮਧੂ ਕਥੂਰੀਆਂ ਜੇ.ਬੀ.ਟੀ. ਅਧਿਆਪਕਾ ਸਰਕਾਰੀ ਐਲੀਮੈਂਟਰੀ ਸਕੂਲ ਰਸੂਲਪੁਰ ਜੌੜਾ ਬਲਾਕ ਪਟਿਆਲਾ-1, ਜ਼ਿਲਾ ਪਟਿਆਲਾ ਵੱਲੋਂ ਡਿਊਟੀ ਦੌਰਾਨ ਨਿਮਨਲਿਖਤ ਅਨੁਸਾਰ ਕੋਤਾਹੀਆਂ ਕੀਤੀਆਂ ਗਈਆਂ ਹਨ :-

- ਸ਼੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਆਪਣੀ ਸਹਿ-ਕਰਮੀ ਸ਼੍ਰੀਮਤੀ ਨੀਲਮ ਰਾਣੀ ਨਾਲ ਡਿਊਟੀ ਦੌਰਾਨ ਧੱਕਾ ਮੁੱਕੀ ਕੀਤੀ ਗਈ ।
- ਸ਼੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਮਿਡ-ਡੇ-ਮੀਲ ਦਾ ਹਿਸਾਬ ਕਿਤਾਬ ਅਤੇ ਰਿਕਾਰਡ ਸ਼੍ਰੀਮਤੀ ਨੀਲਮ ਰਾਣੀ ਨੂੰ ਨਹੀਂ ਸੌਂਪਿਆ ਗਿਆ ਜਿਸਦੇ ਸਿੱਟੇ ਵਜੋਂ ਸ਼੍ਰੀਮਤੀ ਨੀਲਮ ਰਾਣੀ ਨੂੰ ਮਿਡ-ਡੇ-ਮੀਲ ਸਕੂਲ ਵਿੱਚ ਚਲਾਉਣ ਸੰਬੰਧੀ ਬਹੁਤ ਕਠਿਨਾਈ ਦਾ ਸਾਹਮਣਾ ਕਰਨਾ ਪਿਆ ਇੱਥੋਂ ਤੱਕ ਕਿ ਉਸ ਨੂੰ ਇਹ ਕੰਮ ਆਪਣੇ ਪੱਲਿਓਂ ਪੈਸੇ ਖਰਚ ਕਰਕੇ ਚਲਾਉਣਾ ਪਿਆ ਕਿਉਂਕਿ ਸ਼੍ਰੀਮਤੀ ਮਧੂ ਕਥੂਰੀਆ ਨੇ ਨਾ ਕੋਈ ਹਿਸਾਬ ਦਿੱਤਾ ਅਤੇ ਨਾ ਹੀ ਰਾਸ਼ੀ ਸ਼੍ਰੀਮਤੀ ਨੀਲਮ ਰਾਣੀ ਵੱਲੋਂ ਮੰਗਣ ਦੇ ਬਾਵਜੂਦ ਉਸ ਨੂੰ ਦਿੱਤੀ ਗਈ ।
- ਸ਼੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਆਪਣੀ ਸਹਿ-ਕਰਮੀ ਸ਼੍ਰੀਮਤੀ ਨੀਲਮ ਰਾਣੀ ਨਾਲ ਸਕੂਲ ਮੈਨੇਜਮੈਂਟ ਦੇ ਚੇਅਰਮੈਨ ਦੀ ਹਾਜਰੀ ਵਿੱਚ ਅਸਭਿੱਅਕ ਅਤੇ ਗੈਰ-ਮਨੁੱਖੀ ਵਿਹਾਰ ਕੀਤਾ ਗਿਆ, ਉਸ ਨੂੰ ਸਰੀਰਕ ਅਤੇ ਮਾਨਸਿਕ ਕਸ਼ਟ ਦਿੱਤਾ ਗਿਆ ਅਤੇ ਉਸ ਨੂੰ ਸਕੂਲ ਦੇ ਬੱਚਿਆਂ ਦੇ ਸਾਹਮਣੇ ਧੱਕਾ ਮਾਰ ਕੇ ਸੁੱਟ ਦਿੱਤਾ, ਜਿਸਦੀ ਪੁਸ਼ਟੀ ਪਿੰਡ ਦੇ ਸਰਪੰਚ, ਸਕੂਲ ਮੈਨੇਜਮੈਂਟ ਕਮੇਟੀ ਅਤੇ ਹੋਰ ਮੋਹਤਬਰ ਵਿਅੱਕਤੀਆਂ ਵੱਲੋਂ ਕੀਤੀ ਗਈ ਹੈ।
- ਸ਼੍ਰੀਮਤੀ ਮਧੂ ਕਥੂਰੀਆ ਉਕਤ ਵੱਲੋਂ ਡਿਊਟੀ ਦੌਰਾਨ ਗੰਭੀਰ ਅਨੁਸ਼ਾਸਨਹੀਨਤਾ ਦਾ ਵਿਹਾਰ ਕੀਤਾ ਗਿਆ । ਜ਼ਿਲਾ ਸਿੱਖਿਆ ਅਫਸਰ (ਐ:ਸਿ ) ਪਟਿਆਲਾ ਦੀ ਰਿਪੋਟ ਅਨੁਸਾਰ ਪਹਿਲਾਂ ਵੀ ਸ਼੍ਰੀਮਤੀ ਮਧੂ ਕਥੂਰੀਆ ਦੀ ਬਦਲੀ ਡਿਊਟੀ ਵਿੱਚ ਕੋਤਾਹੀ ਕਰਨ ਕਰਕੇ ਪ੍ਰਬੰਧਕੀ ਆਧਾਰ ਤੇ ਕੀਤੀ ਗਈ ਸੀ।

ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ਼੍ਰੀਮਤੀ ਮਧੂ ਕਥੂਰੀਆ ਜੇ.ਬੀ.ਟੀ ਅਧਿਆਪਕਾ ਦੀ ਬਦਲੀ ਪ੍ਰਬੰਧਕੀ ਆਧਾਰ ਤੇ ਸਰਕਾਰੀ ਪ੍ਰਾਇਮਰੀ ਸਕੂਲ ਚਿਤੌੜਗੜ੍ਹ ਬਲਾਕ ਫਤਿਹਗੜ੍ਹ ਚੂੜੀਆਂ ਜ਼ਿਲਾ ਗੁਰਦਾਸਪੁਰ ਵਿਖੇ ਕੀਤੀ ਜਾਂਦੀ ਹੈ ਅਤੇ ਨਾਲ ਹੀ ਉਸ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਐ:ਸਿ) ਗੁਰਦਾਸਪੁਰ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90042 ਮਿਤੀ 6.12.12

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)/ਪੰਜਾਬ, ਚੰਡੀਗੜ੍ਹ
2. ਜ਼ਿਲਾ ਸਿੱਖਿਆ ਅਫਸਰ (ਐ:ਸਿ) ਪਟਿਆਲਾ
3. ਜ਼ਿਲਾ ਸਿੱਖਿਆ ਅਫਸਰ (ਐ:ਸਿ) ਗੁਰਦਾਸਪੁਰ
4. ਸ਼੍ਰੀਮਤੀ ਸ਼੍ਰੀਮਤੀ ਮਧੂ ਕਥੂਰੀਆਂ ਜੇ.ਬੀ.ਟੀ. ਅਧਿਆਪਕਾ ਸਰਕਾਰੀ ਐਲੀਮੈਂਟਰੀ ਸਕੂਲ ਰਸੂਲਪੁਰ ਜੌੜਾ ਬਲਾਕ ਪਟਿਆਲਾ-1, ਜ਼ਿਲਾ ਪਟਿਆਲਾ

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।